## ਦਫਤਰ ਡਿਪਟੀ ਡਾਇਰੈਕਟਰ ਸ਼ਹਿਰੀ ਸਥਾਂਨਕ ਸੰਸਥਾਂਵਾ ਪਟਿਆਲਾ।

====

ਸੇਵਾ ਵਿਖੇ,

ਕਾਰਜ ਸਾਧਕ ਅਫਸਰ,
ਨਗਰ ਕੌਂਸਲ, ਧੂਰੀ।

ਪੱਤਰ ਨੰ:2ਡਡਸਸ-2016/ 8722

ਮਿਤੀ 12-5-16

Att
Ams
24/5

ਵਿਸ਼ਾ : ਨਗਰ ਕੌਂਸਲ, ਧੂਰੀ ਦਾ ਬਜਟ ਬਾਬਤ ਸਾਲ 2016-17

=====

ਹਵਾਲਾ ਆਪਦੇ ਦਫਤਰ ਦਾ ਪੱਤਰ ਨੰ:5069/ਏ ਮਿਤੀ 29-03-2016 ਉਪਰੋਕਤ ਵਿਸ਼ੇ ਤੇ।

ਪੰਜਾਬ ਮਿਉਸਪਲ ਅਕਾਊਂਟ ਕੋਡ 1930 ਦੇ ਨਿਯਮ 2.8 ਅਧੀਨ ਨਗਰ ਕੌਂਸਲ, ਧੂਰੀ ਦਾ ਬਜਟ ਆਪ ਨਾਲ ਕੀਤੇ ਵਿਚਾਰ ਵਟਾਂਦਰੇ ਅਨੁਸਾਰ ਪ੍ਰਵਾਨ ਕੀਤਾ ਜਾਂਦਾ ਹੈ ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

**ਆਮਦਨ:-**

| ਲੜੀ ਨੰ: | ਮੱਦ ਦਾ ਨਾਮ | ਪ੍ਰਵਾਨ ਸੁਦਾ ਆਮਦਨ (ਲੱਖਾ ਵਿਚ) |
|---|---|---|
| 1 | ਵੈਟ | 500.00 |
| 2 | ਬਿਜਲੀ ਤੇ ਚੂੰਗੀ | 50.00 |
| 3 | ਹਾਊਸ ਟੈਕਸ/ਪ੍ਰਾਪਰਟੀ ਟੈਕਸ | 160.00 |
| 4 | ਰੈਂਟ | 25.00 |
| 5 | ਬਿਲਡਿੰਗ ਐਪਲੀਕੇਸ਼ਨ ਫੀਸ | 40.00 |
| 6 | ਲਾਇਸੰਸ ਫੀਸ | 2.00 |
| 7 | ਮੁਰਦਾ ਜਾਨਵਰਾਂ ਦਾ ਠੇਕਾ | 2.00 |
| 8 | ਹੋਰ ਸਾਧਨ | 30.00 |
| 9 | ਐਕਸਾਈਜ ਡਿਊਟੀ | 80.00 |
| | **ਕੁੱਲ** | **889.00** |

**ਖਰਚਾ:-**

| ਲੜੀ ਨੰ: | ਮੱਦ ਦਾ ਨਾਮ | ਪ੍ਰਵਾਨ ਸੁਦਾ ਖਰਚਾ (ਲੱਖਾ ਵਿਚ) |
|---|---|---|
| 1 | ਅਮਲੇ ਤੇ<br>(2 ਸੇਵਾਦਾਰਾਂ ਦੀਆਂ ਨਵੀਂਆਂ ਆਸਾਮੀਆਂ ਸਬੰਧੀ ਸਰਕਾਰ ਤੋਂ ਪ੍ਰਵਾਨਗੀ ਲਈ ਜਾਵੇ) | 510.00 |
| 2 | ਕੰਟਨਜੈਂਸੀ ਤੇ | 30.00 |
| 3 | ਵਿਕਾਸ ਦੇ ਕੰਮਾਂ<br>1. ਨਾ ਟਾਲਣ ਯੋਗ<br>2. ਟਾਲਣ ਯੋਗ | <br>170.00<br>179.00 |
| | **ਕੁੱਲ** | **889.00** |

ਉਕਤ ਅਨੁਸਾਰ ਬਜਟ ਦੀ ਸਥਿਤੀ ਹੇਠ ਲਿਖੇ ਅਨੁਸਾਰ ਹੋਵੇਗੀ:-

| | |
|---|---|
| **ਮਿਤੀ 01-04-2016 ਨੂੰ ਮੁਢਲੀ ਬਾਕੀ** | 10.34 |
| **ਸਾਲ 2016-17 ਲਈ ਆਮਦਨ** | 889.00 |
| **ਕੁੱਲ** | 899.34 |
| **ਸਾਲ 2016-17 ਲਈ ਖਰਚਾ** | 889.00 |
| **ਮਿਤੀ 31-03-2017 ਲਈ ਅੰਤਿਮ ਬਾਕੀ** | **10.34** |

ਨਗਰ ਕੌਂਸਲ, ਧੂਰੀ ਦਾ ਬਜਟ ਸਾਲ 2016-2017 ਹੇਠ ਲਿਖੀਆਂ ਸ਼ਰਤਾ ਅਧੀਨ ਪ੍ਰਵਾਨ ਕੀਤਾ ਜਾਂਦਾ ਹੈ।

**ਸ਼ਰਤਾਂ:-**

1. ਸਰਕਾਰ ਵੱਲੋਂ ਦਿੱਤੀਆਂ ਗਈਆਂ ਹਦਾਇਤਾਂ ਅਤੇ ਮਾਨਯੋਗ ਸੁਪਰੀਮ ਕੋਰਟ ਅਤੇ ਹਾਈਕੋਰਟ ਵੱਲੋਂ ਪਾਸ ਕੀਤੇ ਗਏ ਹੁਕਮ ਜਿਵੇਂ ਕਿ ਸੋਲਿਡ ਵੇਸਟ ਲਈ ਵਿਕਾਸ ਬਜਟ ਦਾ 10% ਖਰਚਾ ਇਨ੍ਹਾਂ ਮੱਦਾਂ ਲਈ ਰਾਖਵਾਂ ਰੱਖਿਆ ਜਾਵੇ।
2. ਸਾਲ 2016-17 ਲਈ ਮਿਥਿਆ ਗਿਆ ਆਮਦਨ ਦਾ ਟੀਚਾ ਪੂਰਾ ਕਰਨ ਲਈ ਨਗਰ ਕੋਸਲ ਦੇ ਕਾਰਜ ਸਾਧਕ ਅਫਸਰ ਅਤੇ ਪ੍ਰਧਾਨ/ਪ੍ਰਸ਼ਾਸ਼ਕ ਦੀ ਸਾਂਝੀ ਜਿੰਮੇਵਾਰੀ ਹੋਵੇਗੀ।
3. ਬਜਟ ਗਾਈਡ-ਲਾਈਨਜ ਨਾਲ ਨੱਥੀ ਪ੍ਰੋਫਾਰਮੇ ਵਿਚ ਦਰਸਾਈਆਂ ਗਈਆਂ ਪੈਂਡਿੰਗ ਲਾਇਬਿਲਟੀਜ ਸਬੰਧੀ ਬਜਟ ਵਿਚ ਉਪਬੰਧ ਪਹਿਲ ਦੇ ਆਧਾਰ ਤੇ ਕੀਤਾ ਜਾਵੇ।
4. ਕੰਟੀਜੈਂਸੀ ਦਾ ਖਰਚਾ ਪਿਛਲੇ ਸਾਲ ਦੇ ਚਰਚੇ ਨਾਲੋਂ 15% ਘਟਾਇਆ ਜਾਵੇ।
5. ਸੰਸਥਾਵਾਂ ਵੱਲੋਂ ਸਥਾਨਕ ਸੰਸਥਾਂ ਦਾ ਲੇਖਾ-ਜੋਖਾ ਡਬਲ ਐਂਟਰੀ ਸਿਸਟਮ ਦੇ ਅਧਾਰ ਤੇ ਤਿਆਰ ਕੀਤਾ ਜਾਵੇ।
6. ਇਸ ਵਿਭਾਗ ਦੀਆਂ ਪ੍ਰਬੰਧਕੀ ਸਾਖਾਵਾਂ ਵੱਲੋਂ ਪ੍ਰਵਾਨ ਵਰਕਸ ਆਈਡੈਂਟੀਫਾਈ ਕਰਕੇ ਨਾਲ ਨੱਥੀ ਕੀਤੇ ਜਾਣ ਅਤੇ ਇਸ ਲਿਸਟ ਦੇ ਉਤੇ ਸਬੰਧਤ ਅਧਿਕਾਰੀ ਦੇ ਹਸਤਾਖਰ ਹੋਣ ਅਤੇ ਨਾਲ ਹੀ ਉਨ੍ਹਾਂ ਕੰਮਾਂ ਦੀ ਲਿਸਟ ਵੀ ਲਗਾਈ ਜਾਵੇ ਜਿਹੜੇ ਕਿ ਹਾਲੇ ਮੁਕੰਮਲ ਹੋਣੇ ਰਹਿੰਦੇ ਹਨ।
7. ਵੱਖ-ਵੱਖ ਸੋਮਿਆਂ ਤੋਂ ਆਮਦਨ ਲਈ ਬਕਾਇਆ ਦੀ ਵਸੂਲੀ 12 ਮਹੀਨੇ ਵਿਚ ਵੰਡ ਕੇ ਹਰ ਮਹੀਨੇ ਦਾ ਟਾਰਗੇਟ 10% ਫਿਕਸ ਕੀਤਾ ਜਾਵੇ।
8. ਹਰ ਸਥਾਨਕ ਸੰਸਥਾਂ ਚੱਲ ਰਹੇ ਵਿਕਾਸ ਦੇ ਕੰਮ ਅਤੇ ਅਧੂਰੇ ਕੰਮ ਦੀ ਸੂਚਨ ਬਜਟ ਨਾਲ ਨੱਥੀ ਕਰੇ ਜਿਸ ਤੇ ਸਬੰਧਤ ਅਧਿਕਾਰੀ ਦੇ ਹਸਤਾਖਰ ਹੋਣ।
9. ਬਜਟ ਵਿਚ ਉਪਬੰਧ ਫੰਡਾਂ ਤੋਂ ਵੱਧ ਕੋਈ ਵੀ ਵਿਕਾਸ ਦਾ ਕੰਮ ਨਾ ਕਰਵਾਇਆ ਜਾਵੇ ਜਿਸ ਨਾਲ ਦੇਣਦਾਰੀਆਂ ਵਿਚ ਵਾਧਾ ਹੋਵੇਗਾ।
10. ਨਗਰ ਕੋਸਲ ਅੰਦਰ ਪੈਂਦੀਆਂ ਸਾਰੀਆ ਇਮਾਰਤਾ ਦਾ ਹਾਊਸ ਟੈਕਸ/ਪ੍ਰਾਪਰਟੀ ਟੈਕਸ ਅਤੇ ਹੋਰ ਤਰਾਂ ਦੀ ਉਗਰਾਹੀ ਲਈ ਸਰਵੇ ਤਿੰਨ ਮਹੀਨੇ ਦੇ ਅੰਦਰ ਅੰਦਰ ਮੁਕੰਮਲ ਕਰਵਾਇਆ ਜਾਵੇ ਅਤੇ ਏਰੀਅਰ ਦੀ 100% ਰਿਕਵਰੀ ਯਕੀਨੀ ਬਣਾਈ ਜਾਵੇ।
11. ਅਮਲੇ ਦੇ ਖਰਚੇ ਅਤੇ ਦਫਤਰੀ ਖਰਚੇ ਨੂੰ ਹੋਰ ਘੱਟ ਕਰਨ ਸਬੰਧੀ ਉਪਰਾਲੇ ਕੀਤੇ ਜਾਣ ਇੰਨਾਂ ਨੂੰ ਨਾਰਮ ਵਿਚ ਲਿਆਂਦਾ ਜਾਵੇ।
12. ਕਿਸੇ ਵੀ ਖਰਚੇ ਦੀ ਮੱਦ ਅਧੀਨ ਪ੍ਰਵਾਨ ਕੀਤੇ ਖਰਚੇ ਤੋ ਵੱਧ ਖਰਚਾ ਸਮੱਰਥ ਅਧਿਕਾਰੀ ਦੀ ਪ੍ਰਵਾਨਗੀ ਲਏ ਬਗੈਰ ਨਾ ਕੀਤਾ ਜਾਵੇ ਅਤੇ ਨਾ ਹੀ ਅਗਾਊ ਪ੍ਰਵਾਨਗੀ ਆਉਣ ਦੀ ਆਸ ਵਿਚ ਕੀਤਾ ਜਾਵੇ।
13. ਕੋਈ ਨਵੀ ਅਸਾਮੀ/ਖਾਲੀ ਅਸਾਮੀ ਸਥਾਨਕ ਸਰਕਾਰ ਵਿਭਾਗ ਦੀ ਪੂਰਵ ਪ੍ਰਵਾਨਗੀ ਤੋ ਬਿਨ੍ਹਾਂ ਨਾ ਭਰੀ ਜਾਵੇ।
14. ਸਰਕਾਰ ਦੀ ਪ੍ਰਵਾਨਗੀ ਤੋ ਬਗੈਰ ਕਿਸੇ ਅਸਾਮੀ ਦੀ ਤਬਦੀਲੀ ਨਾ ਕੀਤੀ ਜਾਵੇ ਅਤੇ ਕਰਮਚਾਰੀ ਦਾ ਕਾਡਰ ਵੀ ਤਬਦੀਲ ਨਾ ਕੀਤਾ ਜਾਵੇ।
15. ਕੋਈ ਵੀ ਵਹੀਕਲ ਇਸ ਦਫਤਰ ਦੀ ਪੂਰਵ ਪ੍ਰਵਾਨਗੀ ਤੋ ਬਿਨਾ ਖਰੀਦ ਨਾ ਕੀਤਾ ਜਾਵੇ।

16. ਡੇਲੀਵੈਜਿਜ ਜਾ ਕੰਟਰੈਕਟ ਦੇ ਆਧਾਰ ਤੇ ਇਸ ਦਫਤਰ ਦੀ ਵਿਸ਼ੇਸ਼ ਪ੍ਰਵਾਨਗੀ ਤੋ ਬਿਨਾ ਕੋਈ ਵੀ ਨਿਯੁਕਤੀ ਨਾ ਕੀਤੀ ਜਾਵੇ।

17. ਕੰਟਰੈਕਟ/ਠੇਕੇ ਤੇ ਭਰਤੀ ਕਰਨ ਦੀ ਬਜਾਏ ਜਿਥੋ ਤੱਕ ਸੰਭਵ ਹੋਵੇ ਕਿਸੇ ਬਾਹਰੀ ਸੰਸਥਾਂ ਤੋ ਲੋੜੀਂਦੇ ਸਟਾਫ ਦੀਆਂ ਸੇਵਾਵਾ ਪ੍ਰਾਪਤ ਕੀਤੀਆਂ ਜਾਣ ਤਾਂ ਜੋ ਸਥਾਨਕ ਸੰਸਥਾਂ ਨੂੰ ਭਵਿੱਖ ਵਿਚ ਕਿਸੇ ਕਿਸਮ ਦੀ ਕਾਨੂੰਨੀ ਅੜਚਨ ਨਾ ਆਵੇ।

18. ਚੰਡੀਗੜ੍ਹ ਵਿਖੇ ਉਸਾਰੇ ਜਾਣ ਵਾਲੇ ਮਿਉਸਪਲ ਭਵਨ ਲਈ ਨਗਰ ਕੋਸਲ ਦੀ ਕੁੱਲ ਆਮਦਨ ਦਾ 1% ਦੀ ਰਾਸ਼ੀ ਦਾ ਉਪਬੰਧ ਕੀਤਾ ਜ਼ਾਂਦਾ ਹੈ।

19. ਵਿਕਾਸ:ਵਰਕਸ ਦਾ ਖਰਚਾ ਸਪਲਿਟ ਕਰਨ ਤੇ ਪਾਬੰਦੀ ਹੈ।ਹਰ ਹਾਲਤ ਵਿਚ ਜੋ ਪੈਸੇ ਸਰਕਾਰ ਵਲੋ ਦਿਤੇ ਜਾਂਦੇ ਹਨ।ਉਸ ਨਾਲ ਕੰਮ ਵੀ ਸਮੇ ਸੀਮਾ ਅਤੇ ਮਿਥੇ ਤਖਮੀਨੇ ਵਿਚ ਮੁਕੰਮਲ ਕੀਤਾ ਜਾਵੇਂ।ਗ੍ਰਾਂਟ ਦਾ ਖਰਚਾ ਸਕੀਮ ਵਿਚ ਦਰਜ ਹਦਾਇਤਾਂ ਅਨੁਸਾਰ ਕੀਤਾ ਜਾਵੇ ਅਤੇ ਵਰਤੋ ਸਰਟੀਫਿਕੇਟ ਮੁੱਖ ਦਫਤਰ ਵਿਖੇ ਸਬੰਧਤ ਸ਼ਾਖਾ ਨੂੰ ਸਮੇ ਸਿਰ ਪੁੱਜਦਾ ਕੀਤਾ ਜਾਵੇ।ਕੋਸਲ ਵਲੋ ਹਰ ਸਾਲ ਆਪਣੀ ਪ੍ਰਬੰਧਕੀ ਰਿਪੋਰਟ ਤਿਆਰ ਕਰਕੇ ਸਮੇ ਸਿਰ ਸਰਕਾਰ ਨੂੰ ਭੇਜੀ ਜਾਵੇ।ਵਰਕਚਾਰਜ ਅਮਲੇ ਤੇ ਹੋਣ ਵਾਲਾ ਖਰਚਾ ਵਿਕਾਸ ਦੀ ਮੱਦ ਹੇਠ ਨਾ ਕੀਤਾ ਜਾਵੇ।ਉਸ ਨੂੰ ਅਮਲੇ ਦੀ ਮੱਦ ਵਿਚ ਕੀਤਾ ਜਾਵੇ।

20. ਫਾਇਰ ਬ੍ਰਿਗੇਡ ਲਈ ਲੋੜੀਦੇ ਡਰਾਇਵਰ ਪਾਸਦੀ ਜਾ ਕਿਸੇ ਬਾਹਰੀ ਸੰਸਥਾਂ ਤੋ ਲਏ ਜਾਣ।

21. ਸਾਲ 2016-17 ਦੋਰਾਨ ਵਿਕਾਸ ਦੇ ਕੰਮਾ ਦੀ ਜੋ ਸੂਚੀ ਬਜਟ ਅਨੁਮਾਨ ਨਾਲ ਭੇਜੀ ਹੈ ਉਸ ਦੇ ਅਨੁਸਾਰ ਹੀ ਵਿਕਾਸ ਦੇ ਕੰਮ ਕਰਵਾਏ ਜਾਣ ਨੂੰ ਯਕੀਨੀ ਬਣਾਇਆ ਜਾਵੇ।

22. ਕਰਮਚਾਰੀਆਂ ਨੂੰ ਮਿਲਣ ਵਾਲੇ ਰਿਟਾਇਰ ਡਿਊਜ, ਜੀ. ਪੀ. ਫੰਡ ਦੀ ਅਦਾਇਗੀ ਪੈਨਸ਼ਨ ਫੰਡ ਦੀ ਅਦਾਇਗੀ, ਹੁਡਕੋ ਅਤੇ ਐਲ.ਆਈ.ਸੀ ਦੇ ਕਰਜਿਆ ਦੀ ਅਦਾਇਗੀ, ਪੰਜਵੇ ਪੇ ਕਮਿਸ਼ਨਰ ਦੇ ਬਕਾਏ ਨੂੰ ਫਸਟ ਚਾਰਜ ਰੱਖਦੇ ਹੋਏ ਪਹਿਲ ਦੇ ਆਧਾਰ ਤੇ ਅਦਾਇਗੀ ਕੀਤੀ ਜਾਵੇ।

23. ਕਰਮਚਾਰੀਆਂ ਨੂੰ ਕਰਜੇ ਦੇਣ ਦੇ ਸਬੰਧ ਵਿਚ ਰਾਜ ਸਰਕਾਰ ਦੁਆਰਾ ਆਪਣੇ ਕਰਮਚਾਰੀਆਂ ਲਈ ਜਾਰੀ ਕੀਤੇ ਦਿਸ਼ਾ-ਨਿਰਦੇਸ਼ਾ ਦੀ ਪਾਲਣਾ ਕੀਤੀ ਜਾਵੇ।

24. ਸ਼ਹਿਰੀ ਗਰੀਬਾਂ ਨੂੰ ਮੁੱਢਲੀ ਸਹੂਲਤਾਂ ਦੇਣ ਸਬੰਧੀ ਉਪਰਾਲੇ ਕੀਤੇ ਜਾਣ।

25. ਸਾਲ 2016-17 ਦੇ ਪ੍ਰਵਾਨ ਕੀਤੇ ਬਜਟ/ਆਮਦਨ ਦਾ 1% ਨਗਰ ਕੋਸਲ ਦੇ ਵਿਕਾਸ ਦੇ ਫੰਡ ਵਿਚੋ ਸ਼ਹਿਰ ਦੀ ਹਰਿਆਵਲੀ / ਗਰੀਨਰੀ ਲਈ ਵਰਤਿਆ ਜਾਵੇ।

26. ਸਥਾਨਕ ਸੰਸਥਾਂ ਦੇ ਦਫਤਰ ਵਿਚ ਕੰਪਿਊਟਰਾਈਜੇਸ਼ਨ ਕਰਨ ਲਈ ਬਜਟ ਦੇ ਫੰਡਾਂ ਵਿਚੋ ਆਪ ਦੇ ਅਧਿਕਾਰੀਆਂ / ਕਰਮਚਾਰੀਆਂ ਨੂੰ ਕੰਪਿਊਟਰ ਟਰੇਨਿੰਗ ਆਪਣੇ ਪੱਧਰ ਤੇ ਕਰਵਾਈ ਜਾਵੇ ਅਤੇ ਸਾਰੀਆਂ ਬ੍ਰਾਂਚਾ ਦੀ ਨੈਟ ਵਰਕਿੰਗ ਕ ਕੇ ਕੰਪਿਊਟਰਾਈਜੇਸ਼ਨ ਹਰ ਹਾਲਤ ਵਿਚ ਕੀਤੀ ਜਾਵੇ।

27. ਕਿਸੇ ਵੀ ਸਥਾਨਕ ਸੰਸਥਾਂ ਦੇ ਸਬੰਧ ਵਿਚ ਆਡਿਟ ਵਲੋ ਜੋ ਇਤਰਾਜ ਲਗਾਏ ਜਾਦੇ ਹਨ, ਉਨ੍ਹਾ ਦਾ ਉਤਰ ਆਡਿਟ ਨੋਟ ਵਿਚ ਦਰਸਾਏ ਅਨੁਸਾਰ ਇੱਕ ਮਹੀਨੇ ਦੇ ਅੰਦਰ ਅੰਦਰ ਸਾਰੇ ਪੈਰੇ ਨਾਲ-ਨਾਲ ਸੈਟਲ ਕਰਵਾਏ ਜਾਣ।

28. ਉਕਤ ਤੋ ਇਲਾਵਾ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਕਿਉਂ ਜੋ ਸਰਕਾਰ ਵੱਲੋ ਲੋੜੀਦੇ ਦਿਸ਼ਾ ਨਿਰਦੇਸ਼ ਪ੍ਰਾਪਤ ਨਹੀਂ ਹੋਏ । ਇਸ ਲਈ ਸਰਕਾਰ ਵੱਲੋ ਜ਼ੋ ਵੀ ਸਮੇਂ ਸਮੇਂ ਇਸ ਸਬੰਧੀ ਦਿਸ਼ਾਂ ਨਿਰਦੇਸ਼ ਜਾਰੀ ਕੀਤੇ ਜਾਂਦੇ ਹਨ । ਨਗਰ ਕੋਸਲ/ਨਗਰ ਪੰਚਾਇਤ ਉਨਾਂ ਦੀ ਪਾਲਣਾ ਕਰਨ ਲਈ ਪੂਰੀ ਤਰ੍ਹਾਂ ਪਾਬੰਦ ਹੋਵੇਗੀ ।

29. ਸਮੂਹ ਸਥਾਨਕ ਸੰਸਥਾਵਾਂ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਉਨ੍ਹਾਂ ਵੱਲੋਂ ਜੋ ਵਿਕਾਸ ਦੇ ਕੰਮ ਸੀਵਰੇਜ ਬੋਰਡ ਜਾਂ ਕਿਸੇ ਹੋਰ ਅਦਾਰੇ ਤੋਂ ਡਿਪਾਜਿਟ ਵਰਕਸ ਦੇ ਅਧੀਨ ਕਰਵਾਏ ਜਾਂਦੇ ਹਨ ਉਨ੍ਹਾਂ ਵਿਭਾਗਾਂ ਨਾਲ ਜਮ੍ਹਾਂ ਕਰਵਾਈ ਗਈ ਰਾਸੀ ਦੀ ਰੀਕੰਸੀਲੇਸਨ ਹਰ ਤਿਮਾਹੀ ਕੀਤੀ ਜਾਵੇ ਅਤੇ ਜਿਸ ਵਿਭਾਗ ਵੱਲੋਂ ਵੀ ਕੰਮ ਕੀਤਾ ਜਾ ਰਿਹਾ ਹੈ ਉਸ ਵਿਭਾਗ ਵੱਲੋਂ ਕੰਮ ਲੇਟ ਸੁਰੂ ਕਰਨ, ਮਿੱਥੇ ਸਮੇਂ ਅੰਦਰ ਨਾ ਕਰਨ ਅਤੇ ਆਪਣੇ ਪੱਧਰ ਤੇ ਫੰਡਾਂ ਨੂੰ ਕਿਸੇ ਹੋਰ ਕੰਮ ਨੂੰ ਵਰਤਣ ਦੇ ਕਾਰਨ ਸਥਾਨਕ

ਸੰਸਥਾਂ ਨੂੰ ਹੋਏ ਨੁਕਸਾਨ ਬਾਰੇ ਵੀ ਬਜਟ ਵਿਚ ਇਹ ਵਿਸੇਸ ਨੋਟ ਦਿੱਤਾ ਜਾਵੇ। ਹੋਇਆ ਨੁਕਸਾਨ ਸਬੰਧਤ ਵਿਭਾਗ/ਏਜੰਸੀ ਤੋਂ ਕਲੇਮ ਕੀਤਾ ਜਾਵੇ।

30. JNNURM ਦੀਆਂ ਸਕੀਮਾਂ ਜਿਵੇਂ ਕਿ UIG/UIDSSMT/IHSDP/BSUP ਆਦਿ ਜਿਨ੍ਹਾਂ ਦੀ ਫੰਡਿਗ 50:20:30, 70:20:10 ਅਤੇ 80:10:10 ਆਦਿ ਦੇ ਅਨੁਪਾਤ ਵਿਚ ਕਮ੍ਰਵਾਰ ਕੇਂਦਰ ਸਰਕਾਰ, ਰਾਜ ਸਰਕਾਰ ਅਤੇ ਸਬੰਧਤ ਯੂ.ਐਲ.ਬੀ. ਵੱਲੋਂ ਕੀਤੀ ਜਾਂਦੀ ਹੈ ਅਤੇ ਜਿਨ੍ਹਾਂ ਯੂ.ਐਲ.ਬੀ. ਵਿਚ ਅਜਿਹੀਆਂ ਸਕੀਮਾਂ ਚੱਲ ਰਹੀਆਂ ਹਨ, ਉਹ ਯੂ.ਐਲ.ਬੀ. ਅਜਿਹੀਆ ਸਕੀਮਾਂ ਵਿਚ ਆਪਣੇ ਬਣਦੇ ਹਿੱਸੇ/ਅਨੁਪਾਤ ਵਜੋਂ ਲੋੜੀਂਦੀ ਰਕਮ ਦੀ ਵਿਵਸਥਾ ਬਜਟ ਵਿਚ ਕਰਨ।

ਡਿਪਟੀ ਡਾਇਰੈਕਟਰ
ਸਥਾਨਕ ਸਰਕਾਰ ਪਟਿਆਲਾ।

ਪਿੱਠ ਅੰਕਣ ਨੰ:2ਡਡਸਸ-2016/ ਮਿਤੀ

ਇਕ ਉਤਾਰਾ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ ਜੀ ਦੀ ਸੇਵਾ ਵਿਚ ਸੂਚਨਾ ਹਿੱਤ ਘੱਲਿਆ ਜਾਂਦਾ ਹੈ।

ਡਿਪਟੀ ਡਾਇਰੈਕਟਰ
ਸਥਾਨਕ ਸਰਕਾਰ ਪਟਿਆਲਾ।